
Australian Government
Department of Health and Aged Care



# ਪੈਲੀਏਟਿਵ ਕੇਅਰ
## ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਦੀ ਹੈ

**ਜੇਕਰ ਤੁਹਾਨੂੰ ਕੋਈ ਅਜਿਹੀ ਬਿਮਾਰੀ ਹੈ ਜੋ ਲਾਇਲਾਜ ਹੈ, ਤਾਂ ਆਪਣੀ ਦੇਖਭਾਲ ਦੀ ਯੋਜਨਾ ਬਣਾਉਣਾ ਕਦੇ ਵੀ ਜਲਦਬਾਜ਼ੀ ਨਹੀਂ ਹੁੰਦਾ।**

---

**ਪੈਲੀਏਟਿਵ ਕੇਅਰ ਬਾਰੇ ਵਧੇਰੇ ਜਾਣਕਾਰੀ ਲਈ, ਇੱਥੇ ਜਾਓ:**

**health.gov.au/palliative-care**

# ਪੈਲੀਏਟਿਵ ਕੇਅਰ ਦੇ ਜਲਦੀ ਪ੍ਰਦਾਨ ਕੀਤੇ ਜਾਣ ਨਾਲ ਲਾਇਲਾਜ ਬਿਮਾਰੀ ਤੋਂ ਪੀੜਤ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਮਾਨਸਿਕ ਸਿਹਤ ਅਤੇ ਭਲਾਈ ਵਿੱਚ ਸੁਧਾਰ ਆਉਂਦਾ ਹੈ।

ਜੇਕਰ ਤੁਸੀਂ ਲਾਇਲਾਜ ਬਿਮਾਰੀ ਤੋਂ ਪੀੜਤ ਹੋ, ਤਾਂ ਪੈਲੀਏਟਿਵ ਕੇਅਰ ਤੁਹਾਨੂੰ ਜਿੰਨਾ ਸੰਭਵ ਹੋ ਸਕੇ ਸੰਪੂਰਨ ਅਤੇ ਆਰਾਮਦਾਇਕ ਜੀਵਨ ਜਿਊਣ ਵਿੱਚ ਮੱਦਦ ਕਰ ਸਕਦੀ ਹੈ।

ਪੈਲੀਏਟਿਵ ਕੇਅਰ:

- ਵਿੱਚ ਸਰੀਰਕ, ਮਨੋਵਿਗਿਆਨਕ, ਭਾਵਨਾਤਮਕ, ਡਾਕਟਰੀ, ਸੱਭਿਆਚਾਰਕ ਅਤੇ ਅਧਿਆਤਮਿਕ ਦੇਖਭਾਲ ਸ਼ਾਮਲ ਹੈ
- ਤੁਹਾਡੇ ਘਰ, ਬਜ਼ੁਰਗ ਦੇਖਭਾਲ ਸਹੂਲਤ, ਹਸਪਤਾਲ, ਧਰਮਸ਼ਾਲਾ ਜਾਂ ਪੈਲੀਏਟਿਵ ਕੇਅਰ ਯੂਨਿਟ ਸਮੇਤ ਵੱਖ-ਵੱਖ ਥਾਵਾਂ ਵਿੱਚ ਪ੍ਰਦਾਨ ਕੀਤੀ ਜਾ ਸਕਦੀ ਹੈ
- ਵਿੱਚ ਪਰਿਵਾਰ ਅਤੇ ਦੇਖਭਾਲ ਕਰਨ ਵਾਲਿਆਂ ਲਈ ਸਹਾਇਤਾ ਵੀ ਸ਼ਾਮਲ ਹੈ।

## ਆਪਣੀ ਦੇਖਭਾਲ ਦੀ ਯੋਜਨਾ ਬਣਾਉਣਾ ਕਦੇ ਵੀ ਜਲਦੀ ਨਹੀਂ ਹੁੰਦਾ।

ਅੰਤਿਮ ਸਮੇਂ ਦੀ ਦੇਖਭਾਲ ਬਾਰੇ ਜਲਦੀ ਗੱਲਬਾਤ ਤੁਹਾਡੀ ਦੇਖਭਾਲ ਯੋਜਨਾ ਬਣਾਉਣ ਵਿੱਚ ਮਦਦਗਾਰ ਹੋ ਸਕਦੀ ਹੈ:

- ਆਪਣੀਆਂ ਕਦਰਾਂ-ਕੀਮਤਾਂ ਅਤੇ ਤਰਜੀਹਾਂ ਬਾਰੇ ਸੋਚੋ ਅਤੇ ਆਪਣੇ ਅਜ਼ੀਜ਼ਾਂ ਨੂੰ ਆਪਣੀਆਂ ਇੱਛਾਵਾਂ ਦੱਸੋ
- Advance Care Plan [ਐਡਵਾਂਸਡ ਕੇਅਰ ਯੋਜਨਾ] ਬਣਾਓ, ਤਾਂ ਜੋ ਤੁਹਾਡੀਆਂ ਸਿਹਤ-ਸੰਭਾਲ ਪਸੰਦਾਂ ਨੂੰ ਜਾਣਿਆ ਜਾ ਸਕੇ ਅਤੇ ਜੇਕਰ ਤੁਸੀਂ ਆਪਣੇ ਲਈ ਆਪ ਨਹੀਂ ਬੋਲ ਸਕਦੇ ਤਾਂ ਉਨ੍ਹਾਂ ਦਾ ਸਤਿਕਾਰ ਕੀਤਾ ਜਾ ਸਕੇ।

**ਜੇਕਰ ਤੁਹਾਨੂੰ ਲਾਇਲਾਜ ਬਿਮਾਰੀ ਹੈ,**

**ਤਾਂ ਪੈਲੀਏਟਿਵ ਕੇਅਰ ਵਿਕਲਪਾਂ ਬਾਰੇ ਆਪਣੇ GP [ਜੀਪੀ] ਨਾਲ ਗੱਲ ਕਰੋ।**